# ਨਾਟਕਕਾਰ ਗੁਰਸ਼ਰਨ ਸਿੰਘ ਨਾਲ ਲੰਮੀ ਮੁਲਾਕਾਤ

ਡਾ. ਸਤੀਸ਼ ਕੁਮਾਰ ਵਰਮਾ

ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਭਰ ਵਗਦਾ ਦਰਿਆ ਹੈ। ਉਹ ਵਾਹਿਦ ਐਸਾ ਰੰਗਕਰਮੀ ਹੈ ਜਿਸ ਨੇ ਗਿਣਤੀ ਵਿਚ ਸਭ ਤੋਂ ਵੱਧ ਪ੍ਰੋਡਕਸ਼ਨਾਂ ਦਿੱਤੀਆਂ ਹਨ। ਉਸ ਨੇ ਪੰਜਾਬ ਦਾ ਚੱਪਾ-ਚੱਪਾ ਗਾਹਿਆ ਹੈ। ਸ਼ਾਇਦ ਹੀ ਕੋਈ ਐਸਾ ਪਿੰਡ ਹੋਵੇ ਜਿਸ ਵਿਚ ਗੁਰਸ਼ਰਨ ਸਿੰਘ ਆਪਣਾ ਥੀਏਟਰ ਲੈ ਕੇ ਨਾ ਪੁੱਜਿਆ ਹੋਵੇ। ਉਸ ਨੇ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਬਹੁਪਾਸਾਰੀ ਕਾਰਜ ਕੀਤਾ ਹੈ। ਨਿੱਜੀ ਪੱਧਰ 'ਤੇ ਇਕ ਕਲਾਕਾਰ ਹੋਣ ਦੀ ਹੈਸੀਅਤ ਵਿਚ ਉਸ ਦਾ ਆਪਣਾ ਅੰਦਾਜ਼ ਹੈ ਤੇ ਆਪਣੀ ਪਛਾਣ। ਜੇ ਤੁਲਨਾ ਕਰਨੀ ਹੋਵੇ ਤਾਂ ਜਿਵੇਂ ਭਾਰਤੀ ਥੀਏਟਰ ਵਿਚ ਪ੍ਰਿਥਵੀ ਰਾਜ ਕਪੂਰ ਦੀ ਨਿਵੇਕਲੀ ਅਭਿਨਯ ਸ਼ੈਲੀ ਹੈ ਉਸੇ ਤਰ੍ਹਾਂ ਪੰਜਾਬ ਵਿਚ ਗੁਰਸ਼ਰਨ ਸਿੰਘ ਦੀ। ਪੰਜਾਬ ਦੇ ਦਰਜਨਾਂ ਕਲਾਕਾਰ ਗੁਰਸ਼ਰਨ ਸਿੰਘ ਦੀ ਨਕਲ ਉਵੇਂ ਹੀ ਮੰਚਾਂ 'ਤੇ ਕਰਦੇ ਹਨ ਜਿਵੇਂ ਫਿਲਮ ਸਟਾਰਾਂ ਦੀ ਨਕਲ ਕੀਤੀ ਜਾਂਦੀ ਹੈ। 1957 ਵਿਚ ਨੰਗਲ ਵਿਖੇ ਭਾਖੜਾ ਡੈਮ 'ਤੇ ਇੰਜੀਨੀਅਰ ਵਜੋਂ ਕੰਮ ਕਰਦਿਆਂ ਉਸ ਨੇ ਥੀਏਟਰ ਆਰੰਭ ਕੀਤਾ। ਲੋਕਪੱਖੀ ਸੋਚ ਨੂੰ ਪ੍ਰਨਾਏ ਗੁਰਸ਼ਰਨ ਸਿੰਘ ਨੇ ਸੋਚਿਆ ਕਿ ਜੇ ਅਸੀਂ ਪਾਣੀਆਂ ਨੂੰ ਡੈਮ ਬਣਾ ਕੇ ਬੰਨ੍ਹ ਸਕਦੇ ਹਾਂ ਤਾਂ ਲੋਕ-ਸ਼ਕਤੀ ਦੇ ਦਰਿਆ ਨੂੰ ਕਿਉਂ ਨਹੀਂ ਬੰਨ੍ਹ ਸਕਦੇ ਤੇ ਉਹ ਲੋਕ-ਪੱਖੀ ਥੀਏਟਰ ਦੇ ਰਾਹ ਦਾ ਪੱਕਾ ਪਾਂਧੀ ਹੋ ਗਿਆ! ਮੁੜ ਦਹਾਕਾ ਭਰ ਅੰਮ੍ਰਿਤਸਰ ਸ਼ਹਿਰ ਦੇ ਵਿਚ ਥੀਏਟਰ ਕਰਨ ਤੋਂ ਬਾਅਦ 1969 ਵਿਚ ਗੁਰੂ ਨਾਨਕ ਦੀ ਪੰਜਵੀਂ ਸ਼ਤਾਬਦੀ ਦੇ ਮੌਕੇ ਉਸ ਦਾ ਰੁਖ਼ ਪਿੰਡਾਂ ਵੱਲ ਹੋ ਗਿਆ। ਗੁਰਦਿਆਲ ਸਿੰਘ ਫੁੱਲ ਦੇ ਪਚਵੰਜਾ ਪਾਤਰਾਂ ਵਾਲੇ ਨਾਟਕ 'ਜਿਨ੍ਹ ਸਚੁ ਪਲੈ ਹੋਇ' ਨੂੰ ਉਸ ਨੇ ਪੰਜ ਕਲਾਕਾਰਾਂ ਨਾਲ ਖੇਡ ਕੇ ਪੰਜਾਬ ਦੇ ਪਿੰਡਾਂ ਤੱਕ ਰਸਾਈ ਕੀਤੀ ਤੇ ਮੁੜ ਚਲ ਸੋ ਚਲ। ਉਹ ਹਜ਼ਾਰਾਂ ਦੀ ਗਿਣਤੀ ਵਿਚ ਪੇਸ਼ਕਾਰੀਆਂ ਦੇ ਚੁੱਕਾ ਹੈ। ਨੁੱਕੜ ਨਾਟਕ ਦਾ ਪੰਜਾਬ ਵਿਚ ਹੀ ਨਹੀਂ ਸਗੋਂ ਉਹ ਸਮੁੱਚੇ ਭਾਰਤ ਵਿਚ ਮੋਢੀਆਂ ਵਾਲਾ ਸਥਾਨ ਰੱਖਦਾ ਹੈ। ਦੇਸ਼ ਭਰ ਦੇ ਪ੍ਰਾਂਤਾਂ ਤੇ ਸ਼ਹਿਰਾਂ ਥੀਂ ਹੁੰਦਾ ਹੋਇਆ ਉਹ ਬਦੇਸ਼ਾਂ ਵਿਚ ਵੀ ਨਾਟਕ ਖੇਡ ਆਇਆ ਹੈ ਤੇ ਆਪਣੇ ਨਾਟਕ 'ਭਾਈ ਮੰਨਾ ਸਿੰਘ' ਨੂੰ ਟੀ.ਵੀ. ਰਾਹੀਂ ਪੇਸ਼ ਕਰਕੇ ਗੁਰਸ਼ਰਨ ਸਿੰਘ ਉਰਫ਼ 'ਭਾਈ ਮੰਨਾ ਸਿੰਘ' ਦਾ ਲਕਬ ਵੀ ਪ੍ਰਾਪਤ ਕਰ ਚੁੱਕਾ ਹੈ। ਗੁਰਸ਼ਰਨ ਸਿੰਘ ਬਾਮਕਸਦ ਰੰਗਕਰਮ ਦਾ ਹਾਮੀ ਹੈ। ਉਸ ਲਈ ਲੋਕ-ਹਿਤ ਪਹਿਲਾਂ ਹਨ ਤੇ ਥੀਏਟਰ ਬਾਅਦ ਵਿਚ। ਉਸ ਨੇ ਆਪਣੇ ਲੋਕਪੱਖੀ ਵਿਚਾਰਾਂ ਲਈ ਥੀਏਟਰ ਨੂੰ ਵਾਹਨ ਬਣਾਇਆ ਹੈ। ਕਈ ਲੋਕ ਇਸ ਲਈ ਉਸਨੂੰ ਭੰਡਦੇ ਵੀ ਹਨ ਤੇ ਉਸ ਦੇ ਥੀਏਟਰ ਨੂੰ ਨਿਰੋਲ ਪ੍ਰਚਾਰ ਕਹਿੰਦੇ ਹਨ ਪਰ ਮੇਰੀ ਧਾਰਨਾ ਹੈ ਕਿ 'ਵਿਚਾਰਾਂ ਦੇ ਪ੍ਰਚਾਰ' ਲਈ ਪੋਸਟਰ, ਰੈਲੀਆਂ, ਨਾਹਰਿਆਂ, ਧਰਨਿਆਂ ਦੀ ਥਾਂ ਜੇ 'ਥੀਏਟਰ' ਮਾਧਿਅਮ ਬਣਿਆ ਤਾਂ ਇਸ ਵਿਚ ਥੀਏਟਰ ਦੀ ਸ਼ਕਤੀ ਵੀ ਹੈ ਤੇ ਨਾਲ ਦੀ ਨਾਲ ਥੀਏਟਰ ਦੇ ਮਾਧਿਅਮ ਦਾ

ਪ੍ਰਸਾਰ ਤੇ ਪ੍ਰਚਾਰ ਵੀ। ਇਹੀ ਕਾਰਨ ਹੈ ਕਿ 'ਗੌਣ ਸੁਣਨ' ਦੇ ਆਦੀ ਪੰਜਾਬੀਆਂ ਨੂੰ ਗੁਰਸ਼ਰਨ ਸਿੰਘ ਨੇ 'ਡਰਾਮਾ ਵੇਖਣ' ਲਾਇਆ ਹੈ। ਉਸ ਨੇ ਜਨ-ਜੀਵਨ ਵਿਚ ਇਸ ਵਿਧਾ ਦੀ ਪਛਾਣ ਕਰਵਾਈ ਹੈ। ਜਨ-ਮਾਨਸ ਵਿਚ ਇਹ ਰੁਝਾਨ ਗੁਰਸ਼ਰਨ ਸਿੰਘ ਕਰਕੇ ਆਇਆ ਕਿ ਦੋ ਬੰਦੇ ਆਪਸ ਵਿਚ ਕਹਿਣ ਕਿ 'ਚਲੋ, ਡਰਾਮਾ ਵੇਖਣ ਚੱਲੀਏ।' ਜਿਹੜਾ ਕੰਮ ਯੂਨੀਵਰਸਿਟੀਆਂ, ਸਰਕਾਰ, ਅਦਾਰੇ ਰਲ ਕੇ ਨਹੀਂ ਕਰ ਸਕੇ, ਉਹ ਇਕੱਲੇ ਗੁਰਸ਼ਰਨ ਸਿੰਘ ਨੇ ਕਰ ਵਿਖਾਇਆ। ਗੁਰਸ਼ਰਨ ਸਿੰਘ ਉਦੋਂ ਉੱਠਿਆ ਸੀ ਜਦੋਂ ਇਪਟਾ ਮੱਧਮ ਪੈ ਰਹੀ ਸੀ ਤੇ ਉਸ ਨੇ ਇਪਟਾ ਵਰਗੀ ਲਹਿਰ ਦਾ ਪੁਨਰ-ਉਥਾਨ ਪਲਸ ਮੰਚ (ਪੰਜਾਬ ਲੋਕ ਸਭਿਆਚਾਰ) ਬਣਾ ਕੇ ਕੀਤਾ। ਲੱਗਭਗ ਡੇਢ ਦਹਾਕਾ ਪਹਿਲਾਂ ਅੱਤਵਾਦ ਦੇ ਕਾਲੇ ਦੌਰ ਵਿਚ ਉਭਰੀ ਇਸ ਲੋਕਪੱਖੀ ਸੰਸਥਾ, ਜਿਸ ਦਾ ਉਹ ਸੰਸਥਾਪਕ ਤੇ ਪ੍ਰਧਾਨ ਹੈ, ਨੇ ਪੰਜਾਬੀ ਰੰਗਮੰਚ ਦੇ ਇਤਿਹਾਸ ਵਿਚ ਆਪਣਾ ਇਤਿਹਾਸਕ ਰੋਲ ਨਿਭਾਇਆ ਹੈ। ਪਲਸ ਮੰਚ ਦੇ ਉਥਾਨ ਨਾਲ ਹੀ ਪੰਜਾਬ ਵਿਚ ਇਪਟਾ ਮੁੜ ਸਰਗਰਮ ਹੋਈ ਹੈ। ਉਸ ਨੇ ਆਪਣੇ ਵਰਗੇ ਸੈਂਕੜੇ ਰੰਗਕਰਮੀ ਤੇ ਦਰਜਨਾਂ ਨਾਟ-ਟੋਲੇ ਤਿਆਰ ਕੀਤੇ ਹਨ ਜਿਹੜੇ ਲੋਕਪੱਖੀ ਥੀਏਟਰ ਨੂੰ ਸਮਰਪਿਤ ਹਨ। ਉਸ ਨੇ ਆਪਣੇ ਪਰਿਵਾਰ ਨੂੰ ਥੀਏਟਰ ਵਿਚ ਲਾਇਆ ਹੈ ਤੇ ਥੀਏਟਰ ਨੂੰ ਆਪਣਾ ਪਰਿਵਾਰ ਬਣਾਇਆ ਹੈ। ਪੰਜਾਬ ਦੇ ਇਸ ਮਕਬੂਲ ਰੰਗਕਰਮੀ ਨਾਲ ਮੁਲਾਕਾਤ ਜਿਥੇ ਇਕ ਪਾਸੇ ਉਸ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਕਲੇਵਰ ਵਿਚ ਲੈਂਦੀ ਹੈ ਉਥੇ ਨਾਲ ਦੀ ਨਾਲ ਪੰਜਾਬੀ ਰੰਗਮੰਚ ਦੇ ਬਹੁ-ਪਾਸਾਰਾਂ ਨੂੰ ਜਾਨਣ ਤੇ ਸਮਝਣ ਦਾ ਸਾਧਨ ਵੀ ਬਣੀ ਹੈ।

? ਤੁਸੀਂ ਪੰਜਾਬੀ ਰੰਗਮੰਚ ਨਾਲ ਕਦੋਂ ਜੁੜੇ।

0 ਮੈਂ ਪਹਿਲਾਂ ਨਾਟਕ 1957 'ਚ ਕੀਤਾ।

? ਇਸ ਸੰਬੰਧ ਦਾ ਆਧਾਰ ਕੀ ਸੀ।

0 ਮੈਂ ਸਮਾਜਿਕ ਚੇਤਨਾ ਦੇ ਆਧਾਰ ਉੱਪਰ ਨਾਟਕ ਨਾਲ ਜੁੜਿਆ ਹਾਂ।

? ਮੁੱਢ ਵਿਚ ਕਿਹੋ ਜਿਹਾ ਥੀਏਟਰ ਕੀਤਾ।

0 ਮੈਂ ਸ਼ੁਰੂ ਤੋਂ ਹੀ ਜਿਸਨੂੰ ਅੱਜਕਲ੍ਹ ਅਵਾਮੀ ਥੀਏਟਰ ਕਿਹਾ ਜਾ ਸਕਦਾ ਹੈ, ਕੀਤਾ। ਸਿੱਧੀ ਜਿਹੀ ਸਿੰਪਲ ਸਟੇਜ 'ਤੇ। ਪਿੱਛੇ ਅੱਗੇ ਖੜ੍ਹਾ ਵਗੈਰਾ।

? ਤੁਹਾਡੇ ਉਦੋਂ ਅਦਾਕਾਰ ਕਿਹੜੇ ਸਨ।

0 ਮੇਰੇ ਸਾਰਿਆਂ ਨਾਲੋਂ ਪਹਿਲੇ ਅਦਾਕਾਰ ਨੰਗਲ ਦੇ ਸਾਥੀ ਹਨ - ਅਮਰੀਕ ਸਿੰਘ, ਫੁਲਵੰਤ ਸਿੰਘ ਮਨੋਚਾ, ਮਹਿੰਦਰ ਕੌਰ ਅਤੇ ਪ੍ਰੇਮ ਸਾਗਰ ਪਾਠਕ।

? ਉਦੋਂ ਮੰਚ ਡਿਜ਼ਾਇਨ ਕਿਵੇਂ ਕਰਦੇ ਸੀ।

0 ਉਦੋਂ ਮੰਚ ਡਿਜ਼ਾਇਨ ਵਿਚ ਪਿੱਛੇ ਪਰਦਾ, ਮੇਜ਼ ਕੁਰਸੀ, ਮੰਜਾ ਆਦਿ ਸਮੱਗਰੀ ਵਰਤੀਂਦੀ ਸੀ।

? ਉਸ ਮੁੱਢਲੇ ਰੰਗਮੰਚ (ਨੰਗਲ) ਦੀਆਂ ਕਿਹੜੀਆਂ ਵਿਸ਼ੇਸ਼ ਪ੍ਰਾਪਤੀਆਂ ਹਨ।

0 ਉਸ ਵੇਲੇ ਨੰਗਲ 'ਚ ਮੇਰੀ ਵਿਸ਼ੇਸ਼ ਪ੍ਰਾਪਤੀ ਕਰਤਾਰ ਸਿੰਘ ਦੁੱਗਲ ਦਾ ਨਾਟਕ 'ਦੀਵਾ ਬੁਝ ਗਿਆ' ਤੇ ਆਪਣਾ ਨਾਟਕ 'ਘੁੰਮਣ ਘੇਰੀ'। 'ਪਲੈਨਿੰਗ' ਵੀ ਉਦੋਂ ਨੰਗਲ ਹੀ ਲਿਖਿਆ।

? ਤੁਹਾਡੇ ਰੰਗਮੰਚ ਦਾ ਦੂਜਾ ਦੌਰ ਅੰਮ੍ਰਿਤਸਰ ਸ਼ਹਿਰ ਦਾ ਰੰਗਮੰਚ ਹੈ – ਇਸ ਦੌਰ ਦੀ ਸਮਾਂ-ਸੀਮਾ ਕੀ ਹੈ।

0 ਇਹ 1964 ਤੋਂ ਲੈ ਕੇ 1989 ਤੱਕ ਹੈ। 1989 'ਚ ਵਾਪਸ ਆਇਆ ਤਾਂ ਅੰਮ੍ਰਿਤਸਰ ਤੋਂ ਚੰਡੀਗੜ੍ਹ।

? ਇਸ ਦੌਰ ਦਾ ਕੀ ਮਹੱਤਵ ਹੈ।

0 ਉਸ ਦੌਰ ਦੇ ਵਿਚ ਮੈਂ ਇਹ ਕਿਹਾ ਕਿ ਜਿਹੜਾ ਵੀ ਪੰਜਾਬ ਦਾ ਚੰਗਾ ਨਾਟਕ ਲਿਖਿਆ ਮਿਲਦਾ ਹੈ ਉਹ ਕਰਨਾ ਹੈ। ਨੰਦਾ, ਸੇਖੋਂ, ਡਾ. ਹਰਚਰਨ ਸਿੰਘ, ਬਲਵੰਤ ਗਾਰਗੀ, ਪਰਿਤੋਸ਼ ਗਾਰਗੀ, ਹਰਸਰਨ ਸਿੰਘ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਖੋਸਲਾ।

? ਇਸ ਸਮੇਂ ਤੁਸੀਂ ਵਿਸ਼ਵ ਕਲਾਸਿਕ ਪੇਸ਼ ਕੀਤੇ – ਇਹ ਕਿਵੇਂ ਸੰਭਵ ਹੋਇਆ।

0 ਉਹ ਅੰਮ੍ਰਿਤਸਰ ਦੀ ਸੈਟ ਸਟੇਜ ਸੀ ਉਥੋਂ ਇਬਸਨ ਤੇ ਗੋਰਕੀ ਦੇ ਨਾਟਕ ਕੀਤੇ ਨੇ, ਬੈਕਟ ਦਾ 'ਗੋਦੋ ਦੀ ਉਡੀਕ' ਵੀ ਕੀਤੈ।

? ਇਸ ਸਮੇਂ ਥੀਏਟਰ ਦੀ ਮੰਚ-ਵਿਉਂਤ ਕੀ ਸੀ।

0 ਇਸ ਥੀਏਟਰ ਵਿਚ ਮੰਚ ਜੜ੍ਹਤ ਯਥਾਰਥਕ ਸੀ। ਜਿੰਨੀ ਮੁਮਕਿਨ ਹੋ ਸਕਦਾ ਸੀ ਕੀਤੀ ਸੀ। ਪਰ 'ਗੋਦੋ ਦੀ ਉਡੀਕ' 'ਚ ਕਿਤੇ-ਕਿਤੇ ਪ੍ਰਤੀਕਾਤਮਕ ਤੇ ਸਿੰਬੌਲਿਕ ਚੀਜ਼ਾਂ ਵੀ ਵਰਤੀਆਂ।

? ਕੀ ਥੀਏਟਰ ਹਾਲ ਵਿਚ ਨਾਟਕ ਕਰਦੇ ਸੀ ਜਾਂ ਓਪਨ ਏਅਰ ਥੀਏਟਰ ਸੀ।

0 ਓਪਨ ਥੀਏਟਰ ਹੀ ਕਰੀਦਾ ਸੀ। ਕਿਧਰੇ-ਕਿਧਰੇ ਹਾਲ 'ਚ ਵੀ ਜਿਵੇਂ ਬੰਬੇ, ਕਲਕੱਤੇ ਆਦਿ 'ਚ। ਪੰਜਾਬੋਂ ਬਾਹਰ ਹਾਲ 'ਚ ਹੀ ਕੀਤੇ ਨੇ।

? ਤੁਹਾਡੇ ਸਮਿਆਂ ਦਾ ਪ੍ਰਸਿੱਧ ਗਾਂਧੀ ਗਰਾਊਂਡ ਓਪਨ ਥੀਏਟਰ ਹੁਣ ਕਿਥੇ ਹੈ।

0 ਇਸ ਬਾਰੇ ਮੈਂ ਹੁਣੇ ਹੀ ਲੇਖ ਲਿਖਿਆ ਹੈ। ਇਹ ਹੁਣ ਨਹੀਂ ਹੈ। ਖ਼ਤਮ ਹੋ ਚੁੱਕਾ ਹੈ। ਉਸ ਦੀ ਇਸ ਵੇਲੇ ਦੀ ਹਾਲਤ ਬਾਰੇ 8 ਦਸੰਬਰ, 2000 ਦੇ 'ਪੰਜਾਬੀ ਟ੍ਰਿਬਿਊਨ' ਵਿਚ ਗਾਂਧੀ ਥੀਏਟਰ ਦੀ ਯਾਦ ਲਿਖੀ ਹੈ ਕਿ ਕਿੰਝ ਬਣਿਆ ਤੇ ਖ਼ਤਮ ਹੋਇਆ।

? ਤੁਹਾਡੇ ਉਸੇ ਥੀਏਟਰ ਦਾ ਦਰਸ਼ਕਾਂ ਵੱਲੋਂ ਕਿਹੋ ਜਿਹਾ ਰਿਸਪਾਂਸ ਸੀ।

0 ਜਿਹੜਾ ਮੈਂ ਗਾਂਧੀ ਗਰਾਊਂਡ 'ਚ ਓਪਨ ਥੀਏਟਰ ਕੀਤਾ ਹਰ ਸਾਲ 'ਚ 10 ਰਾਤਾਂ ਥੀਏਟਰ ਕਰਦਾ ਸੀ। ਸ਼ਹਿਰ ਦੇ ਲੋਕ ਹੁੰਮ-ਹੁੰਮਾ ਕੇ ਆਉਂਦੇ ਸਨ।

? ਤੁਸੀਂ ਇਕ ਸਾਲਾਨਾ ਮੈਂਬਰਸ਼ਿਪ ਦੀ ਵਿਧੀ ਬਣਾਈ ਸੀ – ਉਸ ਬਾਰੇ ਦੱਸੋ।

0 ਇਹ ਵਿਧੀ ਸੀ ਕਿ ਸਾਡੇ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੇ ਦੋ ਕਿਸਮ ਦੇ ਮੈਂਬਰ ਸਨ, ਇਕ ਜਿਹੜੇ ਨਾਟਕ ਕਰਨ ਵਾਲੇ ਕਲਾਕਾਰ ਮੈਂਬਰ ਅਤੇ ਦੂਜੇ ਸਹਿਯੋਗੀ ਮੈਂਬਰ ਤੋਂ 15 ਰੁਪਏ ਸਾਲਾਨਾ ਮੈਂਬਰਸ਼ਿਪ ਫੀਸ ਲਈਦੀ ਸੀ। ਹਰ ਸ਼ੋਅ ਲਈ ਉਹਨਾਂ ਨੂੰ ਚਾਰ ਪਾਸ ਭੇਜੀਦੇ ਸਨ। ਪੋਸਟਮੈਨ ਸਾਡਾ ਇਕ ਹਮਦਰਦ ਮੈਂਬਰ ਸੀ ਜੋ ਉਹਨਾਂ ਨੂੰ ਘਰ-ਘਰ ਪਹੁੰਚਾਂਦਾ ਸੀ। ਉਹਦਾ ਅਸੀਂ ਸਾਇਕਲ ਖਰਚ ਤੇ ਮਿਹਨਤਾਨਾ ਕਲੱਬ ਵੱਲੋਂ ਦਿੰਦੇ ਸੀ।

? ਕੀ ਟਿਕਟਾਂ ਲਾ ਕੇ ਵੀ ਥਏਟਰ ਕੀਤਾ ਹੈ।

0 ਨਹੀਂ। ਟਿਕਟਾਂ ਲਾ ਕੇ ਅਜੇ ਤੱਕ ਨਹੀਂ ਕੀਤਾ, ਸੱਦਾ ਪੱਤਰ 'ਤੇ ਹੀ ਕੀਤਾ ਹੈ।

? ਉਸ ਦੌਰ ਦੇ ਤੁਹਾਡੇ ਕਲਾਕਾਰ ਕਿਹੜੇ-ਕਿਹੜੇ ਸਨ।

0 ਇਸ ਦੌਰ 'ਚ ਮੇਰੇ ਨਾਲ ਢੇਰਾਂ ਦੇ ਕਰੀਬ ਕਲਾਕਾਰ ਰਹੇ ਨੇ। ਉਹਨਾਂ ਵਿਚੋਂ ਕੁਝ ਨਾਂ ਹਨ ਜਤਿੰਦਰ ਕੌਰ, ਦਲਜੀਤ ਕੌਰ, ਹਰਭਜਨ ਜੱਬਲ, ਬੁੱਧ ਸਿੰਘ (ਅੰਮ੍ਰਿਤ ਪਾਲ), ਸੁਖਦੇਵ ਸ਼ਰਮਾ, ਜਗਦੀਸ਼ ਸ਼ਰਮਾ, ਰਾਜ ਕੁਮਾਰ, ਇੰਦਰਜੀਤ ਮਹਿਤਾ, ਪ੍ਰੀਤਮ ਪਿਆਸਾ, ਨਰਿੰਦਰ ਨਿੰਦੀ, ਹਰਿਭਜਨ ਸਿੰਘ, ਲੋਕ ਨਾਥ, ਸਰਦਾਰਜੀਤ ਬਾਵਾ, ਅਨੂਪ ਕੋਮਲ ਆਦਿ।

? ਉਸ ਥੀਏਟਰ ਦੀ ਆਰਥਿਕਤਾ ਬਾਰੇ ਦੱਸੋ।

0 ਉਸ ਥੀਏਟਰ 'ਚ ਇਹ ਸੀ ਕਿ ਜਿਹੜਾ ਸਾਡਾ ਟੋਟਲ ਬਜਟ ਸੀ ਸਾਲ ਦਾ ਉਹ ਨੌਂ ਹਜ਼ਾਰ ਰੁਪਏ ਦਾ ਹੁੰਦਾ ਸੀ ਜਿਸ ਵਿਚੋਂ ਬਿਜਲੀ, ਮਾਈਕ, ਕੁਰਸੀਆਂ ਅਤੇ ਹੋਰ ਫੁਟਕਲ ਖਰਚ ਲਾ ਕੇ ਹਰ ਸ਼ੋਅ ਦਾ ਖ਼ਰਚ 900 ਰੁ. ਹੁੰਦਾ ਸੀ। ਇਹ ਸਹਿਯੋਗੀ ਮੈਂਬਰਾਂ ਕੋਲੋਂ ਵੀ ਮਿਲਦਾ ਸੀ। ਕੁਝ ਸਪੈਸ਼ਲ ਮਦਦ ਹੁੰਦੀ ਸੀ। ਬਾਕੀ ਫਾਲਤੂ ਖ਼ਰਚ ਮੇਰੀ ਜੇਬ 'ਚੋਂ ਹੁੰਦਾ ਸੀ। ਬਾਅਦ 'ਚ 1971 ਤੋਂ ਬਾਹਰਲੇ ਥਾਵਾਂ ਤੋਂ ਵੀ ਸੱਦਾ ਮਿਲਦਾ ਸੀ। ਉੱਥੇ ਵੀ ਹਰ ਸ਼ੋਅ 'ਚ 50-60 ਰੁਪਏ ਦੀ ਬਚਤ ਕਰਕੇ ਰਿਜ਼ਰਵ ਕਰ ਲਿਆ ਜਾਂਦਾ ਸੀ। ਪਹਿਲੇ ਸੱਤ ਸਾਲਾਂ ਤੋਂ ਬਾਅਦ (1971 ਤੋਂ) ਆਪਣੇ ਕੋਲੋਂ ਕੋਈ ਖ਼ਰਚ ਨਹੀਂ ਕੀਤਾ। ਫੇਰ ਮੈਂ 1983 'ਚ ਕੈਨੇਡਾ ਵੀ ਗਿਆ। ਉਸ ਸਮੇਂ ਆਪਣੇ ਕੋਲ ਪੈਸਾ ਬਚਾ ਕੇ 50-60 ਹਜ਼ਾਰ ਰਿਜ਼ਰਵ ਕਰ ਲਿਆ। ਹੁਣ ਵੀ ਮੇਰੇ ਕੋਲ ਨਾਟਕ ਵਾਸਤੇ ਰਿਜ਼ਰਵ ਤਕਰੀਬਨ 2½ ਲੱਖ ਰੁਪਏ ਹਨ ਜਿਨ੍ਹਾਂ ਨਾਲ ਮੈਂ ਆਪਣੀਆਂ ਸਰਗਰਮੀਆਂ ਕਰਦਾ ਹਾਂ। ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣਾ ਸਾਦਾ ਥੀਏਟਰ ਕਰਦਾ ਹਾਂ। ਪਿਛਲੇ 43 ਸਾਲਾਂ ਤੋਂ ਫਾਈਨੈਂਸ (ਪੈਸੇ) ਦੀ ਕੋਈ ਮੁਸ਼ਕਿਲ ਨਹੀਂ ਆਈ।

? ਉਸ ਵਿਚ ਸਹਿਯੋਗੀ ਕੌਣ-ਕੌਣ ਸਨ।

0 ਸਹਿਯੋਗੀ ਸਨ ਸ. ਹਰਬੰਸ ਸਿੰਘ ਜੌਲੀ ਤੇ ਸਰਦਾਰ ਤੇਜਾ ਸਿੰਘ 'ਤੇਜ ਪ੍ਰੈਸ ਵਾਲੇ।'

? ਸੁਰੇਸ਼ ਪੰਡਤ ਦੀ ਭੂਮਿਕਾ ਬਾਰੇ ਦੱਸੋ।

0 ਸੁਰੇਸ਼ ਪੰਡਤ ਪਹਿਲਾਂ ਕਲਾਕਾਰ ਦੇ ਤੌਰ 'ਤੇ ਸਾਡੇ ਨਾਲ ਰਲਿਆ। ਬਾਕੀ ਤਿੰਨੇ ਇਕੱਠੇ ਆਏ ਸਨ - ਹਰਭਜਨ ਜੱਬਲ, ਅੰਮ੍ਰਿਤ ਪਾਲ, ਜਗਦੀਸ਼ ਸ਼ਰਮਾ। ਸੁਰੇਸ਼ ਪੰਡਤ ਐਕਟਰ ਬਹੁਤ ਅੱਛਾ ਸੀ। ਫੇਰ ਇਹਨੇ ਸਾਡੇ ਵਾਸਤੇ ਦੋ ਨਾਟਕਾਂ ਦੀ ਨਿਰਦੇਸ਼ਨਾ ਵੀ ਕੀਤੀ - 'ਆਲ੍ਹਣਾ ਤੀਲੋ ਤੀਲੇ' ਤੇ 'ਗੋਦੋ ਦੀ ਉਡੀਕ'। ਇਹਦੇ 'ਚ ਇਹਦੀ ਨਾਟਕੀ ਪ੍ਰਤਿਭਾ ਉਭਰ ਕੇ ਸਾਹਮਣੇ ਆਈ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੂੰ ਇਹਦੇ 'ਤੇ ਹਮੇਸ਼ਾਂ ਫ਼ਖ਼ਰ ਰਿਹਾ ਹੈ।

? ਹੁਣ ਤੁਹਾਡੇ ਸਾਦੇ ਮੰਚ ਨੂੰ ਵੇਖ ਕੇ ਆਮ ਲੋਕੀ ਸਮਝਦੇ ਹਨ ਕਿ ਤੁਹਾਨੂੰ ਸ਼ਾਇਦ ਰੰਗਮੰਚੀ ਤਕਨੀਕਾਂ ਦਾ ਗਿਆਨ ਹੀ ਨਹੀਂ ਜਦ ਕਿ ਤੁਹਾਡਾ ਅੰਮ੍ਰਿਤਸਰ ਥੀਏਟਰ ਜਿਸ ਦਾ ਨਾਂ ਹੀ 'ਅੰਮ੍ਰਿਤਸਰ ਕਲਾ ਕੇਂਦਰ' ਸੀ, ਤਕਨੀਕੀ ਤੌਰ 'ਤੇ ਸੰਪੰਨ ਥੀਏਟਰ ਸੀ - ਇਸ ਬਾਰੇ ਕੀ ਕਹਿਣਾ ਚਾਹੋਗੇ।

0 ਮੈਨੂੰ ਦੁਨੀਆਂ ਦਾ ਚੰਗੇ ਤੋਂ ਚੰਗਾ ਥੀਏਟਰ ਦੇਖਣ ਦਾ ਮੌਕਾ ਮਿਲਿਆ ਹੈ। ਇੰਗਲੈਂਡ, ਅਮਰੀਕਾ, ਦਿੱਲੀ, ਬੰਬਈ, ਕੈਨੇਡਾ ਆਦਿ। ਮੈਂ ਸਮਝਦਾ ਹਾਂ ਕਿ ਸਾਧਨਾਂ ਦੇ ਅਨੁਸਾਰ ਜਿੰਨੀ ਤਕਨੀਕ ਵਰਤੀ ਜਾਵੇ ਥੀਏਟਰ ਲਈ ਚੰਗਾ ਹੈ। ਪਰ ਨਾਲ ਮੈਂ ਹਮੇਸ਼ਾਂ ਇਹ ਖ਼ਿਆਲ ਰੱਖਦਾ ਹਾਂ ਕਿ ਤੁਸੀਂ ਤਕਨੀਕ ਦੇ ਕੈਦੀ ਨਾ ਹੋ ਜਾਵੋ। ਤੁਹਾਡੇ ਵਿਚ ਸਾਧਨਾਂ ਮੁਤਾਬਕ ਆਪਣਾ ਸੁਨੇਹਾ ਦੇਣ ਦੀ ਪ੍ਰਤਿਭਾ ਹੋਣੀ ਚਾਹੀਦੀ ਹੈ। ਸੋ ਮੈਂ ਸਾਦਾ ਥੀਏਟਰ ਹੀ ਅਪਣਾਇਆ।

? ਉਹ ਥੀਏਟਰ ਭਾਵ ਸ਼ਹਿਰੀ ਥੀਏਟਰ ਛੱਡਿਆ ਕਿਉਂ।

0 ਮੈਂ ਜਿਹੜਾ ਸਮਾਜਕ ਬਰਾਬਰੀ ਦਾ ਸੁਨੇਹਾ ਆਪਣੇ ਨਾਟਕਾਂ 'ਚ ਦੇਣਾ ਚਾਹੁੰਦਾ ਸਾਂ ਉਹ ਮੈਂ ਸਮਝਦਾ ਸਾਂ ਕਿ ਮੇਰੇ ਪਿੰਡਾਂ ਦੇ ਲੋਕਾਂ ਨੂੰ ਉਹਦੀ ਜ਼ਿਆਦਾ ਲੋੜ ਸੀ।

? ਤੁਹਾਡਾ ਤੀਜਾ ਦੌਰ 1969 ਤੋਂ ਆਰੰਭ ਹੁੰਦਾ ਹੈ ਜਦ ਤੁਸੀਂ ਪਿੰਡਾਂ ਵੱਲ ਰੁਖ਼ ਕੀਤਾ– ਇਸ ਦਾ ਮੁੱਢ ਕਿਵੇਂ ਬੱਝਾ।

0 ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਗੁਰਪੁਰਬ ਆਇਆ ਤਾਂ ਉਸ ਵੇਲੇ ਮੈਂ ਸ. ਗੁਰਦਿਆਲ ਸਿੰਘ ਫੁੱਲ ਹੁਰਾਂ ਦਾ ਨਾਟਕ 'ਜਿਨ ਸਚ ਪਲੈ ਹੋਇ' ਤਿਆਰ ਕੀਤਾ। ਉਸ ਵੇਲੇ ਜਸਟਿਸ ਗੁਰਨਾਮ ਸਿੰਘ ਦੀ ਵਜ਼ਾਰਤ ਸੀ ਪੰਜਾਬ ਵਿਚ। ਪਹਿਲਾ ਸ਼ੋਅ ਉਨ੍ਹਾਂ ਨੇ ਤਰਨ ਤਾਰਨ ਕਰਵਾਇਆ। ਮੈਂ ਬਾਅਦ 'ਚ 600 ਦੇ ਨੇੜੇ–ਤੇੜੇ ਪੇਸ਼ਕਾਰੀਆਂ ਕੀਤੀਆਂ। ਉਹਨਾਂ ਮੈਨੂੰ ਪੇਂਡੂ ਦਰਸ਼ਕਾਂ ਨਾਲ ਜੋੜਿਆ।

? ਪਿਛਲੇ ਸਾਲਾਂ ਦਾ ਸਫ਼ਰ ਕਿਵੇਂ ਰਿਹਾ ਹੈ।

0 1980–81 ਤੋਂ ਬਾਅਦ ਪੰਜਾਬ 'ਚ ਅੱਤਵਾਦ ਦਾ ਦੌਰ ਸ਼ੁਰੂ ਹੋਇਆ, ਉਸ ਵਿਚ ਮੈਂ ਫਿਰਕੂ ਜਨੂੰਨ ਦੇ ਵਿਰੁੱਧ ਵੀ ਨਾਟਕ ਕੀਤੇ, ਹਕੂਮਤ ਦੇ ਲੋਕਾਂ ਉੱਤੇ ਜਬਰ ਬਾਰੇ ਵੀ ਨਾਟਕ ਕੀਤੇ ਅਤੇ ਉਹ ਨਾਟਕ ਮੈਂ ਬੜੇ ਔਖੇ ਦੌਰ ਵਿਚ ਥਾਂ–ਥਾਂ ਕੀਤੇ ਨੇ ਜਦੋਂ ਕਿ ਪੰਜਾਬ 'ਚ ਨਾਟਕ ਕਰਨਾ ਮੁਮਕਿਨ ਨਹੀਂ ਸੀ। 1989 'ਚ ਮੈਂ ਚੰਡੀਗੜ੍ਹ ਆ ਗਿਆ। ਫਿਰ ਮੈਂ ਪਿੰਡਾਂ ਤੇ ਹੋਰ ਥਾਵਾਂ 'ਤੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਨਵੀਆਂ ਟੀਮਾਂ ਬਣਾਈਆਂ, ਤਿੰਨ ਵੇਰ ਅਮਰੀਕਾ, ਕੈਨੇਡਾ ਤੇ ਇੰਗਲੈਂਡ ਆਦਿ ਵੀ ਗਿਆ। ਹੁਣ ਮੈਂ ਪੂਰੀ ਤਰ੍ਹਾਂ ਕਮਿੱਟਡ ਥੀਏਟਰ ਕਰਦਾ ਹਾਂ। ਮੇਰੀ ਵਚਨਬੱਧਤਾ ਪੂਰੀ ਤਰ੍ਹਾਂ ਲੋਕਾਂ ਨੂੰ ਬਰਾਬਰੀ ਦੇ ਸਮਾਜ ਲਈ ਚੇਤਨ ਕਰਨਾ ਹੈ।

? ਤੁਸੀਂ ਪੇਂਡੂ ਰੰਗਮੰਚ ਦੀ ਵਿਸ਼ੇਸ਼ ਸ਼ੈਲੀ ਵਿਕਸਿਤ ਕੀਤੀ ਹੈ – ਇਸ ਬਾਰੇ ਦੱਸੋ।

0 ਪਿੰਡਾਂ 'ਚ ਲੋਕ ਸਾਦਾ ਜਿਹੀ ਸਟੇਜ ਉਪਰ ਆਪਣੀ ਜ਼ਿੰਦਗੀ ਨਾਲ ਜੁੜਦੀਆਂ ਕਹਾਣੀਆਂ ਦੇ ਉਪਰ ਨਾਟਕ ਦੇਖਣਾ ਪਸੰਦ ਕਰਦੇ ਨੇ। ਸੋ ਮੈਂ ਹੌਲੀ–ਹੌਲੀ ਨਾਟਕ ਸ਼ੈਲੀ ਦਾ ਵਿਕਾਸ ਕੀਤਾ ਜਿਸ ਵਿਚ ਮੈਂ ਸਟੇਜ 'ਤੇ ਬਹੁਤੀ ਸਟੇਜ ਜਰੂਰਤ ਤੋਂ ਬਿਨਾਂ, ਬਿਜਲੀ ਦੀ ਤਕਨੀਕ ਤੋਂ ਬਿਨਾਂ ਨਾਟਕ ਕੀਤੇ ਨੇ।

? ਇਸ ਵਿਚ ਕਿਹੋ ਜਿਹੇ ਕਲਾਕਾਰ ਹਨ।

0 ਇਹਦੇ 'ਚ ਮੇਰੇ ਨਾਲ ਕਲਾਕਾਰ ਨਵੇਂ ਮੁੰਡੇ ਕੁੜੀਆਂ, ਜਿਨ੍ਹਾਂ ਨੂੰ ਸਟੇਜ ਦੀ ਟ੍ਰੇਨਿੰਗ ਨਹੀਂ ਸੀ ਉਹਨਾਂ ਨਾਲ ਮੈਂ ਨਾਟਕ ਕਰਦਾ ਹਾਂ। ਥੋੜ੍ਹੀ ਦੇਰ ਬਾਅਦ ਉਹ ਸਿਆਣੇ ਹੋ ਜਾਂਦੇ ਨੇ ਤੇ ਪਾਤਰ ਦੇ ਚਰਿੱਤਰ ਨੂੰ ਪੂਰੀ ਤਰ੍ਹਾਂ ਨਿਭਾਉਂਦੇ ਨੇ।

? ਕਿਵੇਂ ਮੈਨੇਜ ਕਰਦੇ ਹੋ।

0 ਮੈਂ ਜਿਥੇ ਵੀ ਨਾਟਕ ਕਰਦਾ ਹਾਂ ਮੇਰੀ ਟੀਮ ਮੇਰੇ ਸਮੇਤ ਪੰਜ ਕਲਾਕਾਰਾਂ ਦੀ ਹੁੰਦੀ ਹੈ, ਪੰਜਾਬ ਵਿਚ ਮੈਂ ਕਿਸੇ ਥਾਂ 'ਤੇ ਵੀ 1500 ਤੋਂ ਲੈ ਕੇ 2000 ਰੁ. ਤੱਕ ਦੇ ਖਰਚੇ 'ਤੇ ਹੀ ਨਾਟਕ ਕਰਦਾ ਹਾਂ। ਇਹਦੇ ਵਿਚ ਮੇਰੇ ਆਉਣ-ਜਾਣ ਦਾ, ਕਾਰ ਦਾ ਖ਼ਰਚ, ਕਲਾਕਾਰਾਂ ਦਾ ਜੇਬ ਖ਼ਰਚ ਆਉਂਦਾ ਹੈ। 200 ਰੁਪਏ ਪ੍ਰਤੀ ਕਲਾਕਾਰ ਮਿਹਨਤਾਨਾ ਦਿੰਦਾ ਹਾਂ। ਇਹਨਾਂ 'ਚੋਂ ਇਕ ਕਲਾਕਾਰ ਮੇਰਾ ਡਰਾਈਵਰ ਵੀ ਹੁੰਦਾ ਹੈ ਜਿਸਨੂੰ ਡਰਾਇਵਿੰਗ ਦੀ ਫੀਸ ਵੱਖਰੀ ਦਿੰਦਾ ਹਾਂ। ਇਹ ਖਰਚਾ ਪ੍ਰਬੰਧਕਾਂ ਤੋਂ ਲਈਦਾ ਹੈ। ਸਾਲ 'ਚ ਮੈਂ ਔਸਤਨ 200 ਥਾਵਾਂ 'ਤੇ ਜ਼ਰੂਰ ਨਾਟਕ ਕਰਦਾ ਹਾਂ। (ਹੁਣ ਉਮਰ ਦਾ ਤਕਾਜ਼ਾ ਹੈ ਹੌਲੀ-ਹੌਲੀ ਕੰਮ ਥੋੜ੍ਹਾ ਕਰ ਰਿਹਾ ਹਾਂ)

? ਪਹਿਲੋਂ-ਪਹਿਲ ਤੁਸੀਂ ਧਾਰਮਿਕ ਮੁਹਾਵਰੇ ਰਾਹੀਂ ਗੱਲ ਕੀਤੀ—ਕੁਛ ਇਸ ਬਾਰੇ ਦੱਸੋ।

0 ਪੰਜਾਬ 'ਚ ਮੈਂ ਤਿੰਨ ਨਾਇਕ ਗਿਣਦਾ ਹਾਂ ਜਿਨ੍ਹਾਂ ਨੂੰ ਪੰਜਾਬ ਦੇ ਲੋਕ ਸਵੀਕਾਰਦੇ ਨੇ - ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਭਗਤ ਸਿੰਘ। ਮੈਂ ਇਹਨਾਂ ਨਾਇਕਾਂ ਦੀ ਗੱਲ ਆਪਣੇ ਨਾਟਕਾਂ 'ਚ ਕਰਦਾ ਹਾਂ ਕਿਉਂਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਧਾਰਮਿਕ ਹੋਣ ਕਰਕੇ ਸਿੱਖ ਧਰਮ ਦੀ ਇਹ ਲਿਮੀਟੇਸ਼ਨ ਤੇ ਸੀਮਾ ਸੀ ਕਿ ਗੁਰੂ ਸਾਹਿਬ ਜਾਂ ਨੇੜੇ ਦਾ ਕੋਈ ਵਿਅਕਤੀ ਸਟੇਜ 'ਤੇ ਨਹੀਂ ਲਿਆਂਦਾ ਜਾ ਸਕਦਾ ਤਾਂ ਗੁਰੂ ਬਾਣੀ ਨੂੰ ਨਾਇਕ ਬਣਾ ਕੇ ਸਮਾਜਿਕ ਨਿਆਂ ਤੇ ਜ਼ੁਲਮ ਦੇ ਖ਼ਿਲਾਫ ਸੰਘਰਸ਼ ਦੀ ਗੱਲ ਕੀਤੀ ਹੈ। ਇਹਦੇ ਵਾਸਤੇ ਧਾਰਮਿਕ ਤੇ ਇਨਕਲਾਬੀ ਮੁਹਾਵਰਾ ਵੀ ਵਰਤਿਆ ਹੈ।

? ਇਸ ਧਾਰਮਿਕਤਾ ਵਾਲੇ ਮੁਹਾਵਰੇ ਦੀਆਂ ਕੀ ਪ੍ਰਾਪਤੀਆਂ ਹਨ।

0 ਸਾਧਾਰਨ ਲੋਕ ਇਸ ਮੁਹਾਵਰੇ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਤੇ ਸਵੀਕਾਰ ਕਰਦੇ ਨੇ ਭਾਵੇਂ ਮੇਰੀ ਕੋਸ਼ਿਸ਼ ਹਮੇਸ਼ਾਂ ਇਹੋ ਰਹੀ ਹੈ ਕਿ ਇਸ ਨੂੰ ਮਨੁੱਖਤਾ ਦਾ ਮੁਹਾਵਰਾ ਸਮਝ ਕੇ ਸਵੀਕਾਰ ਕੀਤਾ ਜਾਵੇ।

? ਗੁਰਦੁਆਰਿਆਂ ਵਿਚ ਮੰਚ ਪੇਸ਼ਕਾਰੀਆਂ ਦਾ ਅਨੁਭਵ ਕੈਸਾ ਸੀ।

0 ਮੈਂ ਸਮਝਦਾ ਹਾਂ ਕਿ ਆਮ ਤੌਰ 'ਤੇ ਲੋਕਾਂ ਨੇ ਇਹਨੂੰ ਬੜੀ ਚੰਗੀ ਤਰ੍ਹਾਂ ਸਤਿਕਾਰਿਆ ਹੈ। ਮੇਰੀ ਕੋਸ਼ਿਸ਼ ਹਮੇਸ਼ਾਂ ਰਹੀ ਹੈ ਕਿ ਇਸ ਮੁਹਾਵਰੇ 'ਚ ਸ਼ਾਵਨਵਾਦੀ ਪਹੁੰਚ ਤੋਂ ਪੂਰੀ ਤਰ੍ਹਾਂ ਬਚਿਆ ਜਾਵੇ ਤੇ ਸੈਕੁਲਰਿਜ਼ਮ ਦਾ ਸੁਨੇਹਾ ਪੂਰੀ ਤਰ੍ਹਾਂ ਉਭਰ ਕੇ ਆਵੇ।

? ਕੀ ਗੁਰਦੁਆਰੇ ਦੀ ਸੀਮਾ ਵਿਚ ਨਾਟਕ ਖੇਡ ਕੇ 'ਧਾਰਮਿਕਤਾ' ਦੀ ਥਾਂ 'ਰਾਜਨੀਤੀ' ਦਾ ਸੰਚਾਰ ਕੀਤਾ ਜਾ ਸਕਦਾ ਹੈ।

0 ਇਹ ਤਾਂ ਆਪਣੀ ਪ੍ਰਤਿਭਾ ਹੈ ਕਿਉਂਕਿ ਮੈਂ ਸੋਸ਼ਲ ਤੇ ਸਮਾਜਿਕ ਨਿਆਂ ਦੀ ਗੱਲ ਕੀਤੀ ਹੈ। ਉਹਦੇ ਨਾਲ ਖੱਬੀ ਧਿਰ ਦੀ ਸਿਆਸਤ ਵੀ ਜੁੜਦੀ ਹੈ ਤੇ ਗੁਰਦੁਆਰੇ 'ਚ ਨਾਟਕ ਕਰਨ ਨਾਲ ਉਹ ਸੁਨੇਹਾ ਦੇਣ 'ਚ ਮੈਂ ਕਦੇ ਸੰਕੋਚ ਨਹੀਂ ਕੀਤਾ।

? ਇਹ ਸਭ ਛੱਡਿਆ ਕਿਉਂ।

0 ਇਕ ਦੌਰ ਐਸਾ ਆਇਆ ਹੈ ਜਿਸ ਵਿਚ ਮੈਂ ਮਹਿਸੂਸ ਕੀਤਾ ਕਿ ਜਿਹੜਾ ਧਾਰਮਿਕ ਕੱਟੜਤਾ ਦਾ ਦੌਰ ਹੈ ਉਸ ਵਿਚ ਇਹਨਾਂ ਨਾਟਕਾਂ ਨਾਲ ਉਸ ਕੱਟੜਤਾ ਨੂੰ ਸ਼ਹਿ

ਮਿਲਦੀ ਹੈ। ਇਸ ਕਰਕੇ ਮੈਂ ਫੇਰ ਸੋਚੀ-ਸਮਝੀ ਨੀਤੀ ਦੇ ਨਾਲ ਇਹ ਨਾਟਕ ਕਰਨ ਤੋਂ ਸੰਕੋਚ ਕੀਤਾ ਹੈ।

? ਪੰਜਾਬ ਸੰਕਟ ਦੇ ਦੌਰ ਵਿਚ ਤੁਸੀਂ ਸਭ ਤੋਂ ਵੱਧ ਥੀਏਟਰ ਕੀਤਾ – ਇਹ ਕਿਵੇਂ ਸੰਭਵ ਹੋਇਆ।

0 ਕਿਉਂਕਿ ਮੇਰੀ ਸੋਚ ਨਿਰਪੱਖ ਸੋਚ ਸੀ। ਜਿੱਥੇ ਮੈਂ ਅੱਤਵਾਦੀਆਂ ਨੂੰ ਵੀ ਨਿੰਦਦਾ ਸਾਂ ਉਥੇ ਮੈਂ ਹਕੂਮਤ ਤੇ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਵੀ ਪੂਰੀ ਤਰ੍ਹਾਂ ਭੰਡਦਾ ਸਾਂ। ਇਸ ਕਰਕੇ ਮੈਂ ਇਹ ਨਾਟਕ ਕਰਦਾ ਸਾਂ। ਮੇਰਾ ਮਿਸ਼ਨ ਸੀ। ਮੈਂ ਹਰ ਕਿਸਮ ਦੇ ਖ਼ਤਰੇ ਨੂੰ ਵੀ ਸਹੇੜਦਾ ਸਾਂ। ਲੋਕਾਂ ਨੇ ਮੇਰਾ ਸਾਥ ਦਿੱਤਾ ਹੈ।

? ਖਾੜਕੂਆਂ ਦੀਆਂ ਧਮਕੀਆਂ ਨੂੰ ਕਿਵੇਂ ਲਿਆ।

0 ਕਈ ਪ੍ਰਤੀਕਰਮ ਮਿਲਦੇ ਰਹੇ ਨੇ। ਸਿੱਧੀ ਤਾਂ ਕੋਈ ਗੱਲ ਨਹੀਂ ਹੋਈ। 1984 ਦੇ ਮਈ ਦੇ ਆਖਰੀ ਦਿਨਾਂ 'ਚ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਇਕ ਧਮਕੀ ਭਰਿਆ ਸੁਨੇਹਾ ਦਿੱਤਾ ਸੀ, ਉਸ ਤੋਂ ਬਾਅਦ ਜਲਦ ਹੀ ਅਪਰੇਸ਼ਨ ਬਲਿਊ ਸਟਾਰ ਹੋ ਗਿਆ। ਉਸ ਤੋਂ ਬਾਅਦ ਕੋਈ ਗੱਲ ਨਹੀਂ ਹੋਈ।

? ਅਦਾਰਿਆਂ ਦੀ ਪੇਂਡੂ ਥੀਏਟਰ ਦੇ ਵਿਕਾਸ ਵਿਚ ਕੀ ਭੂਮਿਕਾ ਹੈ।

0 ਮੈਂ ਸਮਝਦਾ ਹਾਂ ਕਿ ਜਿਹੜੇ ਸਰਕਾਰੀ ਅਦਾਰੇ ਨੇ ਇਹਨਾਂ ਵਿਚ ਇਕ ਦੌਰ ਦੇ ਵਿਚ 'ਪਬਲਿਕ ਰਿਲੇਸ਼ਨ' ਅਦਾਰਾ ਹੈ ਸਰਕਾਰ ਦਾ; ਇਹਨਾਂ ਨੇ ਪੇਂਡੂ ਥੀਏਟਰ ਨੂੰ ਮਕਬੂਲ ਬਣਾਉਣ 'ਚ ਹਿੱਸਾ ਜ਼ਰੂਰ ਪਾਇਆ ਹੈ ਪਰ ਹੋਰ ਅਦਾਰੇ, ਯੂਨੀਵਰਸਿਟੀ ਦੇ ਡਰਾਮਾ ਡਿਪਾਰਟਮੈਂਟ ਤੇ ਸਭਿਆਚਾਰਕ ਮਾਮਲਿਆਂ ਦਾ ਅਦਾਰਾ ਕੋਈ ਲੋੜੀਂਦੀ ਭੂਮਿਕਾ ਨਹੀਂ ਨਿਭਾ ਸਕਿਆ। ਪਿਛਲੇ 20 ਸਾਲ ਪੰਜਾਬ 'ਚ ਲੋਕ ਸਭਿਆਚਾਰਕ ਮੰਚ ਦੀਆਂ ਜਿਹੜੀਆਂ ਬਾਕਾਇਦਾ ਪੇਸ਼ਕਾਰੀਆਂ ਹੋਈਆਂ ਨੇ, ਵਿਉਂਤ ਮੁਤਾਬਕ ਪੇਂਡੂ ਥੀਏਟਰ ਨੂੰ ਅੱਗੇ ਲਿਆਂਦਾ ਗਿਆ ਹੈ। ਏਥੇ ਮੈਂ ਇਕ ਗੱਲ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਮੇਰਾ ਥੀਏਟਰ, ਲੋਕ ਥੀਏਟਰ, ਆਧੁਨਿਕ ਸੰਵੇਦਨਾ ਦਾ ਪੇਂਡੂ ਥੀਏਟਰ ਹੈ।

? ਸੰਗੀਤ ਨਾਟਕ ਅਦਾਕਮੀ ਦੀ ਪ੍ਰਧਾਨਗੀ ਵੇਲੇ ਕੀ ਕੁਝ ਕੀਤਾ।

0 ਮੈਂ ਜਦੋਂ ਸੰਗੀਤ ਨਾਟਕ ਅਕਾਦਮੀ ਦਾ ਪ੍ਰਧਾਨ ਬਣਿਆ ਤਾਂ ਉਸ ਵੇਲੇ ਅੱਤਵਾਦ ਦਾ ਸਿਖ਼ਰ ਦਾ ਦੌਰ ਸੀ। ਮੈਂ ਹਾਲੀ ਆਪਣੇ ਪ੍ਰਭਾਵ ਲਿਖੇ ਨਹੀਂ ਹਨ ਅਤੇ ਮੈਂ ਆਪਣੀ ਡਾਇਰੀ 'ਚ ਇਹਨਾਂ ਨੂੰ ਨੋਟ ਕੀਤਾ ਹੈ ਖ਼ਾਸ ਕਰਕੇ ਪੇਂਡੂ ਇਲਾਕਿਆਂ 'ਚ ਥੀਏਟਰ ਨੂੰ ਨਵੇਂ ਸਿਰਿਉਂ ਸ਼ੁਰੂ ਕੀਤਾ।

? ਤੁਸੀਂ ਇਕੋ-ਇਕ ਰੰਗਕਰਮੀ ਹੋ ਜਿਹੜੇ ਪਾਜ਼ਿਟਿਵ ਸੈਂਸ ਵਿਚ ਕਰਮਸ਼ੀਲ ਹੋ, ਭਾਵ ਤੁਸੀਂ ਆਪਣੇ ਗਰੁੱਪ ਦੀ ਆਰਥਿਕਤਾ ਮੇਨਟੇਨ ਕੀਤੀ ਹੋਈ ਹੈ – ਬਾਕਾਇਦਾ ਖ਼ਰਚ ਦਾ ਮੁੱਢ ਤੋਂ ਹੀ ਹਿਸਾਬ-ਕਿਤਾਬ ਰੱਖਿਆ ਹੈ – ਕਲਾਕਾਰਾਂ ਨੂੰ ਪੇਮੈਂਟ ਦਿੰਦੇ ਹੋ – ਸਾਰੀਆਂ ਪ੍ਰੋਡਕਸ਼ਨਾਂ ਦਾ ਰਿਕਾਰਡ ਸਾਂਭਿਆ ਹੈ – ਇਹ ਕਿਵੇਂ ਸੰਭਵ ਹੋਇਆ।

0 ਮੈਂ ਆਪਣੀ ਡਾਇਰੀ ਪੂਰੀ ਰੱਖੀ ਹੈ। ਮੇਰੀ ਹਮੇਸ਼ਾਂ ਨੀਤੀ ਰਹੀ ਹੈ ਕਿ ਮੈਨੂੰ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ। ਮੈਂ ਕਿਸੇ 'ਤੇ ਆਸ਼ਰਿਤ ਨਾ ਹੋਵਾਂ। ਸੋ ਮੈਂ ਸ਼ੁਰੂ ਤੋਂ ਹੀ ਵਿਉਂਤਬੰਦ ਤਰੀਕੇ ਨਾਲ ਥੀਏਟਰ ਕੀਤਾ ਹੈ।

? ਤੁਹਾਨੂੰ ਨੁੱਕੜ ਨਾਟਕ ਦਾ ਜਨਕ ਮੰਨਿਆ ਜਾਂਦਾ ਹੈ – ਇਸ ਬਾਰੇ ਕੀ ਕਹੋਗੇ।

0 ਮੇਰੀ ਇਸ ਉਮਰ ਦੇ ਪੜਾਅ 'ਤੇ ਮੈਂ ਸਮਝਦਾ ਹਾਂ ਕਿ ਜੇਕਰ ਲੋਕ ਥੀਏਟਰ ਤੋਂ ਆਪ ਸੰਕੋਚ ਕਰਦੇ ਨੇ ਤਾਂ ਥੀਏਟਰ ਨੂੰ ਲੋਕਾਂ ਤੱਕ ਜਾਣਾ ਚਾਹੀਦਾ ਹੈ। ਮੈਂ ਨੁੱਕੜ ਨਾਟਕ ਦੀ ਵਿਧਾ ਯੂਰਪ ਦੀਆਂ ਥੀਏਟਰ ਸਰਗਰਮੀਆਂ ਦੇਖ ਦੇ ਅਪਣਾਈ। ਮੈਨੂੰ ਉਤਸ਼ਾਹ ਮਿਲਿਆ ਹੈ। 1981 ਵਿਚ ਭੂਪਾਲ 'ਚ ਆਲ ਇੰਡੀਆ ਨੁੱਕੜ ਮੇਲਾ ਹੋਇਆ। ਉਥੇ ਮੈਨੂੰ 'ਨੁੱਕੜ ਨਾਟਕ ਦਾ ਸਮਰਾਟ' ਸਨਮਾਨ ਵੀ ਮਿਲਿਆ ਹੈ। ਨੁੱਕੜ ਨਾਟਕ 'ਚ ਇਕ ਸ਼ਕਤੀ ਦੀ ਲੋੜ ਹੈ – ਆਵਾਜ਼ ਦੀ। ਉਸ ਵੇਲੇ ਮੈਂ ਆਪਣੇ ਸਿਖ਼ਰ 'ਤੇ ਸੀ। ਹੁਣ ਉਹ ਸ਼ਕਤੀ ਮੇਰੇ ਵਿਚ ਨਹੀਂ ਹੈ ਇਸ ਲਈ ਮੈਂ ਨੁੱਕੜ ਨਾਟਕ ਨਹੀਂ ਕਰ ਰਿਹਾ।

? ਇਸ ਥੀਏਟਰ ਦੀ ਵਿਧੀ ਬਾਰੇ ਦੱਸੋ।

0 ਨੁੱਕੜ ਨਾਟਕ ਦੀ ਵਿਸ਼ੇਸ਼ ਵਿਧੀ ਹੈ ਕਿ ਤੁਸੀਂ ਲੋਕਾਂ ਨੂੰ ਇਕੱਠੇ ਕਰਕੇ ਸ਼ਕਤੀਸ਼ਾਲੀ ਵਿਧੀ ਨਾਲ ਸੁਨੇਹਾ ਦੇਣਾ ਹੈ।

? ਇਹ ਵਿਧੀ ਕਾਰਗਰ ਹੈ।

0 ਹਾਂ, ਨਾਟਕ ਦਾ ਸੁਨੇਹਾ ਦੇਣ ਲਈ ਇਹ ਵਿਧੀ ਕਾਰਗਰ ਹੈ। 1991 ਵਿਚ ਮੈਂ ਚੰਡੀਗੜ੍ਹ ਨੁੱਕੜ ਨਾਟਕ ਵਿਚ ਜੁਗਰਾਜ ਧੌਲਾ ਦੇ ਨਾਲ ਸਟਰੀਟ ਸਿੰਗਿੰਗ ਦਾ ਬੜਾ ਤਜਰਬਾ ਕੀਤਾ ਹੈ। ਇਹ ਇਕ ਮੇਰੀ ਨਾਟਕ ਡਾਇਰੀ ਦਾ ਖਾਸ ਕਾਂਡ ਹੈ। ਵੱਡੀ ਕਾਮਯਾਬੀ ਹੋਈ।

? ਕੀ ਇਸ ਨੂੰ ਸੰਪੂਰਨ ਥੀਏਟਰ ਮੰਨਿਆ ਜਾ ਸਕਦਾ ਹੈ।

0 ਇਹ ਸਟਰੀਟ ਥੀਏਟਰ ਨਾਟਕ ਦਾ ਇਕ ਰੂਪ ਹੈ, ਸੰਪੂਰਨ ਕਹੋ ਤਾਂ ਵੀ ਠੀਕ ਹੈ।

? ਤੁਹਾਡੇ ਥੀਏਟਰ ਨੂੰ ਭਾਸ਼ਣ ਕਿਹਾ ਜਾਂਦਾ ਹੈ – ਕੀ ਕਹੋਗੇ।

0 ਜਦੋਂ ਮੈਂ ਥੀਏਟਰ ਕੁਝ ਕਹਿਣ ਲਈ ਕਰਦਾ ਹਾਂ ਜੇ ਭਾਸ਼ਣ ਸਮਝਣ ਵਾਲੇ ਸਮਝਦੇ ਹਨ ਤਾਂ ਸਮਝ ਲੈਣ! ਮੈਂ ਇਸ ਬਾਰੇ ਕੋਈ ਟਿੱਪਣੀ ਨਹੀਂ ਕਰਦਾ। ਬਰਨਾਰਡ ਸ਼ਾਅ ਦੇ ਨਾਟਕਾਂ 'ਚ ਚਾਰ–ਚਾਰ ਸਫ਼ਿਆਂ ਦੇ ਬਿਆਨ ਨੇ।

? ਕੀ ਕੇਵਲ ਰਾਜਨੀਤੀ ਦਾ ਸੰਚਾਰ ਕਲਾ ਕਿਹਾ ਜਾ ਸਕਦਾ ਹੈ।

0 ਰਾਜਨੀਤੀ ਜੇ ਜ਼ਿੰਦਗੀ ਨਾਲ ਜੁੜਦੀ ਹੈ ਤਾਂ ਉਹਦੀ ਗੱਲ ਕਰਨੀ ਕਲਾ ਦੇ ਦਾਇਰੇ ਤੋਂ ਬਾਹਰ ਨਹੀਂ ਕਹੀ ਜਾ ਸਕਦੀ।

? ਤੁਸੀਂ ਆਪਣੇ ਥੀਏਟਰ ਦੀ ਮੁੱਖ ਪ੍ਰਾਪਤੀ ਕੀ ਸਮਝਦੇ ਹੋ।

0 ਮੈਂ ਸਮਝਦਾ ਹਾਂ ਕਿ ਮੈਂ ਥੀਏਟਰ ਦੇ ਇਕ ਵਿਸ਼ੇਸ਼ ਰੂਪ ਦਾ ਵਿਕਾਸ ਕੀਤਾ ਹੈ ਔਰ ਪੰਜਾਬ ਦਾ ਜਿਹੜਾ ਪੇਂਡੂ ਥੀਏਟਰ ਹੈ ਫ਼ਖ਼ਰ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਦੁਨੀਆਂ ਦਾ ਸਾਰਿਆਂ ਨਾਲੋਂ ਸਰਗਰਮ ਪੇਂਡੂ ਥੀਏਟਰ ਹੈ ਜਿਸ ਵਿਚ ਮੇਰਾ ਪੂਰਨ ਯੋਗਦਾਨ ਹੈ। ਅੱਜ ਪੰਜਾਬ ਦੇ ਪਿੰਡ–ਪਿੰਡ ਵਿਚ ਆਧੁਨਿਕ ਸੰਵੇਦਨਾ ਦਾ ਥੀਏਟਰ ਹੁੰਦਾ ਹੈ।

? ਤੁਹਾਨੂੰ ਥੀਏਟਰ ਵਿਚ ਮਾਨ–ਸਨਮਾਨ ਬਹੁਤ ਮਿਲੇ ਹਨ – ਕੀ ਕਹੋਗੇ।

0 ਮਾਨ–ਸਨਮਾਨ ਬਹੁਤ ਸਾਰੇ ਮਿਲੇ ਹਨ। ਮੈਨੂੰ 1993 'ਚ ਸੰਗੀਤ ਨਾਟਕ ਅਕਾਡਮੀ ਦਾ ਸਨਮਾਨ ਵੀ ਮਿਲਿਆ, ਪੰਜਾਬ ਦਾ ਸ਼੍ਰੋਮਣੀ ਨਾਟਕਕਾਰ, ਪੰਜਾਬੀ ਸਾਹਿਤ ਅਕੈਡਮੀ ਦਾ ਧਾਲੀਵਾਲ ਅਵਾਰਡ ਤੇ ਹੋਰ ਬਹੁਤ ਸਾਰੇ।

? ਤੁਸੀਂ ਆਪਣੇ ਥੀਏਟਰ ਨੂੰ ਲਹਿਰ ਬਣਾਉਣ 'ਚ ਕੀ ਭੂਮਿਕਾ ਨਿਭਾਈ।

0 ਮੈਂ ਬੜਾ ਚੇਤੰਨ ਹੋ ਕੇ ਸਮਾਜਿਕ, ਰਾਜਨੀਤਕ ਜਾਗ੍ਰਿਤੀ ਲਈ ਥੀਏਟਰ ਨੂੰ ਇਕ ਲਹਿਰ ਦਾ ਰੂਪ ਦੇਣਾ ਚਾਹੁੰਦਾ ਹਾਂ। ਕਾਫ਼ੀ ਸਫ਼ਲਤਾ ਮਿਲੀ ਹੈ ਪਰ ਹਾਲੇ ਕਾਫ਼ੀ ਕੁਛ ਕਰਨਾ ਬਾਕੀ ਹੈ। ਇਸ ਵਾਸਤੇ ਸੰਸਥਾਗਤ ਕੋਸ਼ਿਸ਼ਾਂ ਦੀ ਬਹੁਤ ਜ਼ਰੂਰਤ ਹੈ।

? ਪਲਸ ਮੰਚ ਆਦਿ ਅਦਾਰਿਆਂ ਦੀ ਸਥਾਪਨਾ ਪਿੱਛੇ ਕੀ ਭਾਵ ਸੀ।

0 ਪਲਸ ਮੰਚ ਦੀ ਸਥਾਪਨਾ ਜਦੋਂ 1984 'ਚ ਕੀਤੀ ਸੀ ਤਾਂ ਉਸਦਾ ਨਿਸ਼ਾਨਾ ਇਕੋ ਸੀ ਕਿ ਲੋਕਾਂ ਨੂੰ ਸਮਾਜ ਵਿਚ ਇਨਕਲਾਬੀ ਤਬਦੀਲੀ ਕਰਨ ਲਈ ਨਾਟਕਾਂ ਦਾ, ਗੀਤਾਂ ਦਾ, ਸਾਹਿਤ ਦਾ ਸਹਿਯੋਗ ਚੇਤੰਨ ਹੋ ਕੇ ਦਿੱਤਾ ਜਾਵੇ।

? ਵਿਦੇਸ਼ਾਂ ਵਿਚ ਥੀਏਟਰ ਦਾ ਕੀ ਅਨੁਭਵ ਹੈ।

0 ਮੈਂ ਬਦੇਸ਼ਾਂ 'ਚ ਜਿਹੜੇ ਓਥੇ ਪੰਜਾਬੀ ਵੱਸਦੇ ਨੇ ਉਹਨਾਂ ਦੇ ਸੱਦੇ 'ਤੇ ਹੀ ਜਾਂਦਾ ਰਿਹਾ ਹਾਂ। ਉਹਨਾਂ ਦਾ ਰਿਸਪਾਂਸ ਉਸੇ ਤਰ੍ਹਾਂ ਹੀ ਪੰਜਾਬ ਵਾਂਗ ਉਤਸ਼ਾਹ ਵਾਲਾ ਸੀ।

? ਅੱਜਕਲ੍ਹ ਸੁਣਿਐ ਤੁਹਾਡੀ ਸਿਹਤ ਠੀਕ ਨਹੀਂ – ਥੀਏਟਰ ਗਤੀਵਿਧੀ ਕਿਵੇਂ ਜਾਰੀ ਰੱਖੀ ਹੋਈ ਹੈ।

0 ਥੀਏਟਰ ਦੀ ਗਤੀਵਿਧੀ ਹੌਲੀ-ਹੌਲੀ ਘਟਾ ਰਿਹਾ ਹਾਂ। ਹੁਣ ਮੈਂ ਆਪਣੀ ਟੀਮ ਨਾਲ ਜਾਂਦਾ ਜ਼ਰੂਰ ਹਾਂ। ਨਾਟਕਾਂ ਦੀ ਭੂਮਿਕਾ ਵੀ ਦੱਸਣ ਦੀ ਜ਼ਿੰਮੇਵਾਰੀ ਨਿਭਾਉਂਦਾ ਹਾਂ ਪਰ ਆਪ ਨਾਟਕ 'ਚ ਹਿੱਸਾ ਹੁਣ ਘੱਟ ਹੀ ਲੈਂਦਾ ਹਾਂ।

? ਮੰਚ 'ਤੇ ਗੱਜਣ ਵਾਲੇ ਸ਼ੇਰ ਨੂੰ ਜਦ ਮੰਚ ਦੇ ਨੀਚੇ ਕੁਰਸੀ 'ਤੇ ਬਹਿ ਕੇ ਥੀਏਟਰ ਕਰਨਾ ਪਵੇ ਤਾਂ ਕਿਵੇਂ ਮਹਿਸੂਸ ਹੁੰਦਾ ਹੈ।

0 ਇਸ ਗੱਲ ਉੱਤੇ ਮੁਨਾਸਿਰ ਹੈ ਕਿ ਤੁਸੀਂ ਕਿਹੜੀ ਥਾਂ 'ਤੇ ਬੈਠੇ ਹੋ ਤੇ ਕਿਹੜੀ ਗੱਲ ਕਰ ਰਹੇ ਹੋ।

? ਤੁਸੀਂ ਜਿਉਂਦੇ-ਜੀਅ ਮਿੱਥ ਬਣੇ ਹੋ – ਕਿਵੇਂ ਮਹਿਸੂਸ ਕਰਦੇ ਹੋ।

0 ਮੈਂ ਸਮਝਦਾ ਹਾਂ ਕਿ ਮੈਂ ਆਪਣਾ ਫ਼ਰਜ਼ ਹੀ ਨਿਭਾ ਰਿਹਾ ਹਾਂ, ਕਿਸੇ ਉਪਰ ਅਹਿਸਾਨ ਨਹੀਂ ਕਰ ਰਿਹਾ।

? ਪੰਜਾਬੀ ਰੰਗਮੰਚ ਲਈ ਤੁਹਾਡੇ ਮਨ ਵਿਚ ਕੀ ਸੁਪਨੇ ਹਨ।

0 ਸਮਾਜ ਵਿਚ ਬਹੁਤ ਕੁਝ ਗ਼ਲਤ ਹੈ, ਇਹਨੂੰ ਚੰਗਾ ਕਰਨ ਦਾ ਉਪਰਾਲਾ ਇਕ ਸੁਪਨੇ ਵਾਂਗਰ ਹੈ। ਇਹ ਸੁਪਨਾ ਹਾਲੇ ਪੂਰਾ ਨਹੀਂ ਹੋਇਆ। ਜੋ ਕੁਝ ਅਸੀਂ ਕਰ ਸਕਦੇ ਹਾਂ, ਕਰ ਰਹੇ ਹਾਂ, ਬਾਕੀ ਆਉਣ ਵਾਲੀਆਂ ਪੀੜ੍ਹੀਆਂ ਕਰਨਗੀਆਂ।

? ਕਿਹੋ ਜਿਹਾ ਥੀਏਟਰ ਚਾਹੁੰਦੇ ਹੋ।

0 ਮੈਂ ਚਾਹੁੰਦਾ ਹਾਂ ਪੰਜਾਬ ਦਾ ਥੀਏਟਰ ਲੋਕਾਂ ਨਾਲ ਜੁੜਿਆ ਹੋਇਆ ਹੋਣਾ ਚਾਹੀਦਾ ਹੈ। ਕਲਾ ਦੀ ਕੋਈ ਸੀਮਾ ਨਹੀਂ ਹੈ, ਅੱਗੇ ਤੋਂ ਅੱਗੇ ਵਧਣਾ ਹੀ ਉਹਦਾ ਫਰਜ਼ ਹੈ।

? ਇਸ ਵਿਚ ਅਸੀਂ ਕੀ ਭੂਮਿਕਾ ਨਿਭਾ ਸਕਦੇ ਹਾਂ।

0 ਸਾਡੀ ਭੂਮਿਕਾ ਹੈ ਕਿ ਅਸੀਂ ਸੁਹਿਰਦਤਾ ਨਾਲ ਲੋਕਾਂ ਨੂੰ ਜੁਆਬਦੇਹ ਹੋਈਏ।

? ਆਪਣੇ ਤੋਂ ਬਾਅਦ ਵਾਲੇ ਰੰਗਕਰਮੀਆਂ ਤੋਂ ਸੰਤੁਸ਼ਟ ਹੋ।

0 ਹਾਂ। ਕਲਾ ਦਾ ਕਾਫ਼ਲਾ ਤੁਰ ਰਿਹਾ ਹੈ। ਮੈਂ ਕੇਵਲ ਧਾਲੀਵਾਲ ਦਾ ਕੰਮ ਬਹੁਤ ਹੀ ਚੰਗਾ ਸਮਝਦਾ ਹਾਂ। ਮੈਨੂੰ ਉਸ 'ਤੇ ਉਮੀਦਾਂ ਨੇ। ਉਸ ਅਜੇ 40 ਸਾਲ ਹੋਰ ਕੰਮ ਕਰਨਾ ਹੈ।

? ਅਦਾਰੇ ਕੀ ਕਰ ਸਕਦੇ ਹਨ।

0 ਮੈਂ ਅਦਾਰਿਆਂ ਦੀ ਗੱਲ ਇਸ ਕਰਕੇ ਬਹੁਤੀ ਨਹੀਂ ਕਰਦਾ ਕਿ ਜੋ ਸਾਰਾ ਸਿਸਟਮ ਚਲ ਰਿਹਾ ਹੈ ਹਿੰਦੋਸਤਾਨ ਦਾ, ਉਸ ਵਿਚ ਹਰ ਖੇਤਰ ਵਿਚ ਸੰਕਟ ਹੀ ਸੰਕਟ ਹਨ ਇਸ ਕਰਕੇ ਅਦਾਰਿਆਂ ਕੋਲੋਂ ਕੋਈ ਖਾਸ ਉਮੀਦ ਨਹੀਂ ਕੀਤੀ ਜਾ ਸਕਦੀ।

? ਪੰਜਾਬੀ ਵਿਚ ਪ੍ਰੋਫ਼ੈਸ਼ਨਲ ਥੀਏਟਰ ਕਿਵੇਂ ਸਥਾਪਤ ਹੋ ਸਕਦਾ ਹੈ।

0 ਇਹ ਤਾਂ ਸਮਾਂ ਹੀ ਦੱਸ ਸਕੇਗਾ। ਹੁਣ ਟੀ.ਵੀ. ਨੇ ਬਹੁਤ ਸਾਰਿਆਂ ਨੂੰ ਪ੍ਰੋਫ਼ੈਸ਼ਨਲ ਕਲਾਕਾਰ ਬਣਾ ਦਿੱਤਾ ਹੈ। ਉਹ ਕਿਸੇ ਵੇਲੇ ਥੀਏਟਰ ਵੱਲ ਵੀ ਮੋੜਾ ਲੈ ਸਕਦੇ ਨੇ। ਪਰ ਐਸ ਵੇਲੇ ਜੋ ਹਾਲਤ ਹੈ ਕਿ ਟਿਕਟ 'ਤੇ ਥੀਏਟਰ ਕੀਤਾ ਜਾਵੇ ਉਸਦੀ ਨੇੜੇ-ਤੇੜੇ ਕੋਈ ਸੰਭਾਵਨਾ ਨਹੀਂ ਹੈ।

? ਤੁਸੀਂ ਟੀ.ਵੀ. ਨਾਲ ਵੀ ਜੁੜੇ ਹੋ। ਟੀ.ਵੀ. ਸੀਰੀਅਲ 'ਭਾਈ ਮੰਨਾ ਸਿੰਘ' ਰਾਹੀਂ ਤੁਹਾਨੂੰ ਥੀਏਟਰ ਦੇ ਮੁਕਾਬਲੇ ਜ਼ਿਆਦਾ ਮਕਬੂਲੀਅਤ ਜਾਂ ਪਹਿਚਾਣ ਮਿਲੀ - ਕਿਵੇਂ ਲੈਂਦੇ ਹੋ।

0 ਟੀ.ਵੀ. ਘਰ-ਘਰ ਪਹੁੰਚ ਸਕਦਾ ਸੀ, ਨਾਟਕ ਦੀ ਉਨੀ ਪ੍ਰਸਿੱਧਤਾ ਨਹੀਂ ਸੀ ਹੋਣੀ। ਟੀ.ਵੀ. ਨੇ ਮੈਨੂੰ ਘਰ-ਘਰ ਤੱਕ ਪਹੁੰਚਾਇਆ ਹੈ। ਇਹਦੇ ਲਈ ਮੈਂ ਹਮੇਸ਼ਾਂ ਹੀ ਮਰਹੂਮ ਸਵਿਤੋਜ ਦਾ ਧੰਨਵਾਦੀ ਹਾਂ। ਟੀ.ਵੀ. ਡਾਇਰੈਕਟਰ ਪੰਡਤ ਹੋਰਾਂ ਦਾ ਵੀ ਮਸ਼ਕੂਰ ਹੋਵਾਂਗਾ।

? ਇੱਕੀਵੀਂ ਸਦੀ ਦੀਆਂ ਥੀਏਟਰ ਨੂੰ ਚੁਣੌਤੀਆਂ ਕਿਹੜੀਆਂ ਹਨ।

0 ਇੱਕੀਵੀਂ ਸਦੀ 'ਚ ਉਹੀ ਥੀਏਟਰ ਕਾਇਮ ਰਹਿ ਸਕੇਗਾ ਜਿਹੜਾ ਸਾਧਾਰਨ ਲੋਕਾਂ ਨਾਲ ਜੁੜੇਗਾ। ਕਿਸੇ ਵੇਲੇ ਕਿਹਾ ਜਾਂਦਾ ਸੀ ਕਿ ਥੀਏਟਰ ਰੱਜੇ-ਪੁੱਜੇ ਲੋਕਾਂ ਦਾ ਸ਼ੌਕ ਹੈ ਪਰ ਇਹ ਸੰਕਲਪ ਹੁਣ ਇਕ ਸਿਰੇ ਤੋਂ ਬਦਲਣਾ ਪਵੇਗਾ। ਇਹੋ ਇੱਕੀਵੀਂ ਸਦੀ ਦੇ ਥੀਏਟਰ ਦੀ ਚੁਣੌਤੀ ਹੈ।

? ਰੰਗਕਰਮੀਆਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ।

0 ਰੰਗਕਰਮੀਆਂ ਲਈ ਇਹੋ ਸੁਨੇਹਾ ਹੈ ਕਿ ਇਸ ਸਮਾਜ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਅਤੇ ਮਨੁੱਖਤਾ ਦੀਆਂ ਮੰਗਾਂ ਦੇ ਅਨੁਕੂਲ ਬਦਲਣ ਦਾ ਯਤਨ ਕੀਤਾ ਜਾਵੇ। ਮਨੁੱਖਤਾ ਦੀ ਅੱਜ ਸਭ ਤੋਂ ਵੱਡੀ ਲੋੜ ਬਰਾਬਰੀ ਦਾ ਸਮਾਜ ਹੈ। ਰੰਗਕਰਮੀਆਂ ਨੂੰ ਇਹ ਸਮਾਜ ਬਣਾਉਣ ਲਈ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

? ਕੋਈ ਹੋਰ ਗੱਲ ਜੋ ਮੈਂ ਪੁੱਛ ਨਾ ਸਕਿਆ ਹੋਵਾਂ।

0 ਆਮ ਤੌਰ 'ਤੇ ਕਲਾਕਾਰ ਸ਼ਿਕਾਇਤ ਕਰਦੇ ਨੇ ਕਿ ਲੋਕਾਂ ਨੂੰ ਕਲਾ ਦੀ ਸੂਝ ਨਹੀਂ। ਇਹ ਸ਼ਿਕਾਇਤ ਕਰਨ ਨਾਲੋਂ ਸਗੋਂ ਇਹ ਯਤਨ ਹੋਣਾ ਚਾਹੀਦਾ ਹੈ ਕਿ ਐਸਾ ਸਮਾਜ ਬਣਾਇਆ ਜਾਵੇ ਜਿਸ ਵਿਚ ਕਲਾ ਦੀ ਕਦਰ ਹੋ ਸਕੇ। ਜਦੋਂ ਸਾਰਾ ਹੀ ਸਮਾਜ ਸੰਕਟ 'ਚ ਹੈ ਤਾਂ ਕਲਾ ਇਸ ਤੋਂ ਕਿਵੇਂ ਬਚ ਸਕਦੀ ਹੈ। ਸੋ ਸ਼ਿਕਾਇਤ ਨਾਲੋਂ ਚੰਗੇ ਸਮਾਜ ਲਈ ਸੰਘਰਸ਼ ਕਰਨ 'ਚ ਜੁੱਟਣਾ ਜ਼ਰੂਰੀ ਹੈ।